ਦਫ਼ਤਰ ਡਾਇਰੈਕਟਰ ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ
ਬਲਾਕ-ਈ, ਛੇਵੀ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ:,ਫੇਜ਼-8 **ਐਸ.ਏ.ਐਸ ਨਗਰ,**
ਫੋਨ ਨੰਬਰ: 0172-2212221

**ਵੱਲ**

**ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ)**
**ਪੰਜਾਬ।**

**ਮੀਮੋ ਨੰ:-** SCERT/PPP/PRS/2021/77571 **ਮਿਤੀ:-** 03.03.2021

**ਵਿਸ਼ਾ:- ਐੱਲ.ਕੇ.ਜੀ., ਯੂ.ਕੇ.ਜੀ. (ਪ੍ਰੀ-ਪ੍ਰਾਇਮਰੀ ਜਮਾਤਾਂ) ਅਧੀਨ ਬੱਚਿਆਂ ਦੇ ਪੱਧਰਾਂ ਦਾ ਮੁਲਾਂਕਣ ਕਰਨ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੀ ਹੈ ਕਿ ਪੰਜਾਬ ਸਰਕਾਰ ਵੱਲੋਂ ਰਾਜ ਦੇ ਸਮੂਹ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪ੍ਰੀ-ਪ੍ਰਾਇਮਰੀ ਜਮਾਤਾਂ ਸ਼ੁਰੂ ਕੀਤੀਆਂ ਗਈਆਂ ਹਨ। ਐੱਲ.ਕੇ.ਜੀ., ਯੂ.ਕੇ.ਜੀ. (ਪ੍ਰੀ-ਪ੍ਰਾਇਮਰੀ ਜਮਾਤਾਂ) ਸ਼ੁਰੂ ਕਰਨ ਦਾ ਉਦੇਸ਼ ਤਿੰਨ ਤੋਂ ਛੇ ਸਾਲ ਦੇ ਬੱਚਿਆਂ ਨੂੰ ਪ੍ਰਾਇਮਰੀ ਸਿੱਖਿਆ ਗ੍ਰਹਿਣ ਕਰਨ ਲਈ ਤਿਆਰ ਕਰਨਾ ਅਤੇ ਉਹਨਾਂ ਦਾ ਸਰਵ-ਪੱਖੀ ਵਿਕਾਸ ਕਰਨਾ ਹੈ।

3.0 ਇਹਨਾਂ ਜਮਾਤਾਂ ਦਾ ਸੈਸ਼ਨ ਦੌਰਾਨ ਵੱਖ-ਵੱਖ ਸਮੇਂ 'ਤੇ ਮੁਲਾਂਕਣ ਵੀ ਕੀਤਾ ਜਾਂਦਾ ਹੈ। ਸੈਸ਼ਨ 2020-21 ਦੌਰਾਨ ਨਵੰਬਰ 2020 ਵਿੱਚ ਇਹਨਾਂ ਜਮਾਤਾਂ ਦੇ ਬੱਚਿਆਂ ਪਹਿਲਾਂ ਮੁਲਾਂਕਣ ਕੀਤਾ ਜਾ ਚੁੱਕਾ ਹੈ। ਹੁਣ ਅੰਤਿਮ ਮੁਲਾਂਕਣ ਮਿਤੀ 15.03.2021 ਤੋਂ 18.03.2021 ਤੱਕ ਕੀਤਾ ਜਾਣਾ ਹੈ। ਬੱਚੇ ਦੇ ਮੁਲਾਂਕਣ ਦਾ ਕੰਮ ਮੁਕੰਮਲ ਹੋਣ ਤੋਂ ਬਾਅਦ 15 ਮਾਰਚ, 2021 ਤੋਂ 20 ਮਾਰਚ, 2021 ਤੱਕ ਐੱਲ.ਕੇ.ਜੀ., ਯੂ.ਕੇ.ਜੀ. (ਪ੍ਰੀ-ਪ੍ਰਾਇਮਰੀ ਜਮਾਤਾਂ) ਵਿੱਚ ਪੜ੍ਹਦੇ ਸਮੂਹ ਬੱਚਿਆਂ ਦੇ ਮੁਲਾਂਕਣ ਦਾ ਰਿਕਾਰਡ ਅਧਿਆਪਕ ਵੱਲੋਂ ਗੂਗਲ ਫਾਰਮ ਵਿੱਚ ਭਰਿਆ ਜਾਵੇਗਾ।

4.0 ਐੱਲ.ਕੇ.ਜੀ. (ਪ੍ਰੀ-ਪ੍ਰਾਇਮਰੀ -1) ਜਮਾਤ ਦੇ ਬੱਚੇ ਦੇ ਮੁਲਾਂਕਣ ਦੇ ਪੰਜ ਮੁੱਖ ਖੇਤਰ ਰੱਖੇ ਗਏ ਹਨ: ਸਰੀਰਕ ਅਤੇ ਕਿਰਿਆਤਮਿਕ ਵਿਕਾਸ, ਸਮਾਜਿਕ ਅਤੇ ਭਾਵਨਾਤਮਿਕ ਵਿਕਾਸ, ਬੌਧਿਕ ਵਿਕਾਸ, ਭਾਸ਼ਾਈ ਵਿਕਾਸ, ਗਣਿਤ ਵਿਕਾਸ। ਅਧਿਆਪਕ ਵੱਲੋਂ ਬੱਚਿਆਂ ਨਾਲ ਵੱਖ-ਵੱਖ ਗਤੀਵਿਧੀਆਂ ਕਰਨ ਸਮੇਂ ਵਿਕਾਸ ਦੇ ਇਹਨਾਂ ਪੰਜ ਖੇਤਰਾਂ 'ਤੇ ਆਪਣਾ ਧਿਆਨ ਕੇਂਦਰਿਤ ਕਰਨਾ ਹੈ।

**5.0** ਯੂ.ਕੇ.ਜੀ. (ਪ੍ਰੀ-ਪ੍ਰਾਇਮਰੀ-2) ਜਮਾਤ ਬੱਚੇ ਦੇ ਮੁਲਾਂਕਣ ਦੇ ਛੇ ਮੁੱਖ ਖੇਤਰ ਰੱਖੇ ਗਏ ਹਨ: ਸਰੀਰਕ ਅਤੇ ਕਿਰਿਆਤਮਿਕ ਵਿਕਾਸ, ਸਮਾਜਿਕ ਅਤੇ ਭਾਵਨਾਤਮਿਕ ਵਿਕਾਸ, ਬੌਧਿਕ ਵਿਕਾਸ, ਭਾਸ਼ਾਈ ਵਿਕਾਸ, ਗਣਿਤ ਵਿਕਾਸ ਅਤੇ ਅੰਗਰੇਜ਼ੀ ਵਿਕਾਸ। ਅਧਿਆਪਕ ਵੱਲੋਂ ਬੱਚਿਆਂ ਨਾਲ ਵੱਖ-ਵੱਖ ਗਤੀਵਿਧੀਆਂ ਕਰਨ ਸਮੇਂ ਵਿਕਾਸ ਇਹਨਾਂ ਛੇ ਖੇਤਰਾਂ 'ਤੇ ਆਪਣਾ ਧਿਆਨ ਕੇਂਦਰਿਤ ਕਰਨਾ ਹੈ।

**6.0** ਇਹ ਮੁਲਾਂਕਣ ਐੱਲ.ਕੇ.ਜੀ., ਯੂ.ਕੇ.ਜੀ. (ਪ੍ਰੀ-ਪ੍ਰਾਇਮਰੀ ਜਮਾਤਾਂ) ਵਿੱਚ ਪੜ੍ਹਦੇ ਹਰ ਵਿਦਿਆਰਥੀ ਦਾ ਕਰਨਾ ਲਾਜ਼ਮੀ ਹੋਵੇਗਾ।

**7.0** ਇਸ ਮੁਲਾਂਕਣ ਦੌਰਾਨ ਬੱਚਿਆਂ ਦੇ ਵਿਕਾਸ ਦੇ ਪੱਧਰ ਨੂੰ ਜਾਣਨ ਅਤੇ ਸਮਝਣ ਲਈ ਮੁੱਖ ਦਫ਼ਤਰ ਵੱਲੋਂ ਕੁਝ ਪ੍ਰਸ਼ਨ ਭੇਜੇ ਜਾਣਗੇ, ਅਧਿਆਪਕ ਉਹਨਾਂ ਪ੍ਰਸ਼ਨਾਂ ਦੀ ਮਦਦ ਨਾਲ ਬੱਚਿਆਂ ਦਾ ਮੁਲਾਂਕਣ ਕਰਨਗੇ।

**8.0** ਬੱਚੇ ਦੇ ਮੁਲਾਂਕਣ ਦਾ ਕੰਮ ਮੁਕੰਮਲ ਹੋਣ ਤੋਂ ਬਾਅਦ ਅਗਲੇ ਦਿਨਾਂ ਵਿੱਚ ਐੱਲ.ਕੇ.ਜੀ., ਯੂ. ਕੇ. ਜੀ. (ਪ੍ਰੀ-ਪ੍ਰਾਇਮਰੀ ਜਮਾਤਾਂ) ਵਿੱਚ ਪੜ੍ਹਦੇ ਸਮੂਹ ਬੱਚਿਆਂ ਦੇ ਮੁਲਾਂਕਣ ਦਾ ਰਿਕਾਰਡ ਅਧਿਆਪਕ ਵੱਲੋਂ ਮਿਤੀ 20.03.2021 ਤੱਕ ਨਿਰਧਾਰਿਤ ਪ੍ਰੋਫਾਰਮੇ ਵਿੱਚ ਆਨ-ਲਾਈਨ ਭਰਿਆ ਜਾਵੇਗਾ। ਅਧਿਆਪਕ ਨੂੰ ਇਹ ਪ੍ਰੋਫਾਰਮਾਂ ਮੁੱਖ ਦਫ਼ਤਰ ਵੱਲੋਂ ਮੁਲਾਂਕਣ ਦੀ ਮਿਤੀ ਤੋਂ ਪਹਿਲਾਂ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ) ਰਾਹੀਂ ਸਾਂਝਾ ਕੀਤਾ ਜਾਵੇਗਾ।

**9.0** ਹਰ ਬੱਚੇ ਦੇ ਮੁਲਾਂਕਣ ਤੋਂ ਬਾਅਦ ਉਸਦੀ ਪ੍ਰਾਪਤੀ ਉਸ ਦੇ ਮਾਤਾ-ਪਿਤਾ ਨਾਲ ਸਾਂਝੀ ਕੀਤੀ ਜਾਣੀ ਲਾਜ਼ਮੀ ਹੈ।

**10.0** ਮੁਲਾਂਕਣ ਸੰਬੰਧੀ ਉਪਰੋਕਤ ਹੁਕਮਾਂ ਦੀ ਇੰਨ੍ਹ-ਬਿੰਨ ਪਾਲਣਾ ਕੀਤੀ ਜਾਵੇ ਜੀ।

3/3/21

**ਡਾਇਰੈਕਟਰ ਐੱਸ.ਸੀ.ਈ.ਆਰ.ਟੀ.,ਪੰਜਾਬ।**

ਪਿੱਠ ਅੰਕਣ ਨੰ.: ਮਿਤੀ :

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਪੀ.ਏ.ਟੂ. ਸਕੱਤਰ ਸਕੂਲ ਸਿੱਖਿਆ, ਪੰਜਾਬ।
2. ਪੀ.ਏ. ਟੂ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ।
3. ਡੀ.ਪੀ.ਆਈ. (ਐ.ਸਿੱ), ਪੰਜਾਬ।

**ਡਾਇਰੈਕਟਰ ਐੱਸ.ਸੀ.ਈ.ਆਰ.ਟੀ.,ਪੰਜਾਬ।**